The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੌਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
Contact : Raj 021 8740 730, 0800 253 2687
www.redcleaning.co.nz

15 December 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜੀਲੈਂਡ 'ਚ 'ਹੇਸਟਿੰਗਜ ਗਰਲਜ਼ ਹਾਈ ਸਕੂਲ' ਦੀ ਭਾਰਤੀ ਵਿਦਿਆਰਥਣ ਬਣੀ 'ਸੀਨੀਅਰ ਡਕਸ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ ਨਿਊਜੀਲੈਂਡ 'ਚ 'ਹੇਸਟਿੰਗਜ ਗਰਲਜ਼ ਹਾਈ ਸਕੂਲ' ਦੀ ਵਿਦਿਆਰਥਣ 'ਸੀਨੀਅਰ ਡਕਸ' ਚੁਣੀ ਹੈ। 13ਵੇਂ ਸਾਲ ਦੀ ਇਹ ਵਿਦਿਆਰਥਣ ਈਸ਼ਾ ਕੌਰ ਇਸ ਪ੍ਰਾਪਤੀ ਲਈ ਆਪਣੇ ਮਾਤਾ-ਪਿਤਾ ਵੱਲੋਂ ਮਿਲੀ ਪ੍ਰੇਰਨਾ ਨੂੰ ਮੰਨਦੀ ਹੈ। ਇਸ ਸਨਮਾਨ ਉੱਚ ਵਿਦਿਅਕ ਪ੍ਰਾਪਤੀਆਂ ਤੋਂ ਬਾਅਦ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਵੀ ਈਸ਼ਾ ਕੌਰ ਨੇ ਕਈਂ ਸਨਮਾਨ ਹਾਸਿਲ ਕੀਤੇ ਹਨ। ਇਹ ਹਾਕਸਬੇਅ ਡੀਬੇਟਿੰਗ ਟੀਮ ਦੀ ਮੈਂਬਰ ਵੀ ਬਣੀ ਅਤੇ ਇਸ ਨੂੰ ਕਮਿਊਨਿਟੀ ਸਰਵਿਸਜ ਕੈਪਟਨ ਦੀ ਪੁਜੀਸ਼ਨ ਵੀ ਹਾਸਿਲ ਹੈ। ਜਿਸ ਕਰਕੇ ਉਹ ਕਮਿਊਨਿਟੀ ਦੀਆਂ ਮੁਸ਼ਕਿਲਾਂ ਸਬੰਧੀ ਮੀਟਿੰਗਾ ਵਿੱਚ ਵੀ ਹਿੱਸਾ ਲੈਂਦੀ ਹੈ। 5-6 ਸਾਲ ਦੀ ਪੜ੍ਹਾਈ ਦੇ ਦੌਰਾਨ ਹੀ ਈਸ਼ਾ ਨੇ ਭਾਸ਼ਣ ਮੁਕਬਲਾ ਵੀ ਜਿੱਤਿਆ ਸੀ ਅਤੇ ਫਿਰ ਇੰਟਰਮੀਡੀਏਟ ਵਿੱਚ ਅਕੈਡਮਿਕ ਸਟੱਡੀ ਕੱਪ ਵੀ ਜਿੱਤਿਆ। ਇਹ 10 ਵੇਂ ਸਾਲ ਦੀ ਪੜ੍ਹਾਈ ਦੌਰਾਨ ਜੂਨੀਅਰ ਡਕਸ (ਲੀਡਰ) ਵੀ ਬਣੀ। ਇਸੇ ਸਾਲ ਜੁਲਾਈ ਵਿੱਚ ਇੰਟਰਨੈਸ਼ਨਲ ਕੈਂਪ ਆਫ ਮੈਥੇਮੈਟਿਕਸ ਇਨਫਰਮੇਸ਼ਨ ਜੋ ਕਿ ਬੁਲਗਾਰੀਆ ਵਿੱਚ ਹੋਇਆ ਸੀ ਅਤੇ ਇਸ ਵਿੱਚ ਨਿਊਜੀਲੈਂਡ ਤੋਂ ਸਿਰਫ ਦੋ ਵਿਦਿਆਰਥੀ ਸ਼ਾਮਿਲ ਸਨ ਜਿਨ੍ਹਾਂ ਵਿੱਚ ਇੱਕ ਈਸ਼ਾ ਕੌਰ ਹੀ ਸੀ। ਈਸ਼ਾ 2019 ਦੇ ਲਈ ਰੋਟਰੀ ਸਾਇੰਸ ਅਤੇ ਟੈਕਨਾਲੋਜੀ ਕੈਂਪ ਵਿੱਚ ਸਟੂਡੈਂਟ ਐਡਵਾਈਜਰ ਚੁਣੀ ਗਈ। ਈਸ਼ਾ ਦੀਆਂ ਇਨ੍ਹਾਂ ਪ੍ਰਾਪਤੀਆਂ ਪਿੱਛੇ ਈਸ਼ਾ ਦੇ ਪਰਿਵਾਰ ਜਿਸ ਵਿੱਚ ਪਿਤਾ ਸ.ਕੰਵਲਜੀਤ ਸਿੰਘ ਹੇਅਰ ਅਤੇ ਮਾਤਾ ਬੀਬੀ ਰਾਜਵੰਤ ਕੌਰ ਦੀ ਪ੍ਰੇਰਨਾ ਅਤੇ ਸਖਤ ਮਿਹਨਤ ਦਾ ਨਤੀਜਾ ਹੈ। ਜਿਕਰਯੋਗ ਹੈ ਕਿ ਈਸ਼ਾ ਦੇ ਪਿਤਾ ਸ. ਹੇਅਰ ਨੇ 2007 ਦੇ ਵਿੱਚ ਈਸਟਰਨ ਇੰਸਟੀਚਿਊਟ ਆਫ ਟੈਕਨਾਲੋਜੀ ਨੇਪੀਅਰ ਤੋਂ ਆਟੋਮੋਟਿਵ ਇੰਜਨੀਅਰਿੰਗ ਦੀ ਪੜ੍ਹਾਈ ਕੀਤੀ ਹੈ। ਉਨਾਂ ਨੇ ਮਾਈਕ ਡੇਵਿਸ ਮੈਮੋਰੀਅਲ ਕੱਪ ਅਤੇ ਹਾਕਸਬੇਅ ਐਮ ਟੀ ਏ ਸਕਾਲਰਸ਼ਿਪ ਫਾਰ ਐਕਸੀਲੈਂਸ ਵੀ ਪ੍ਰਾਪਤ ਕੀਤੀ। ਨਿਊਜੀਲੈਂਡ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਸੀ ਕਿ ਕਿਸੇ ਦਸਤਾਰਧਾਰੀ ਨੇ ਇਹ ਪ੍ਰਾਪਤੀ ਪ੍ਰਾਪਤ ਕੀਤੀ। ਈਸ਼ਾ ਕੌਰ ਦੀ ਮਾਤਾ ਵੀ ਨਿਊਜੀਲੈਂਡ ਦੀ ਪਹਿਲੀ ਭਾਰਤੀ ਔਰਤ ਹੈ ਜਿਸ ਨੇ ਵਹੀਕਲ ਇੰਸਪੈਕਟਰ (ਮਕੈਨਿਕ) ਦਾ ਲਾਇਸੰਸ ਹਾਸਲ ਕੀਤਾ ਹੋਵੇ। ਉਹ ਅੱਜਕੱਲ ਗੱਡੀਆਂ ਦੀ ਪਾਸਿੰਗ ਕਰਦੀ ਹੈ। ਈਸ਼ਾ ਕੌਰ ਦਾ ਭਰਾ ਮਨਮੀਤ ਸਿੰਘ ਵੀ 2009 ਵਿੱਚ ਹੇਸਟਿੰਗ ਬੁਆਏ ਹਾਈ ਸਕੂਲ ਦੇ ਇਤਿਹਾਸ ਵਿੱਚ ਪਹਿਲਾ ਦਸਤਾਰਧਾਰੀ ਡਕਸ ਬਣਿਆ ਸੀ। ਪੂਰੇ ਭਾਰਤੀ ਭਾਈਚਾਰੇ ਨੂੰ ਇਨ੍ਹਾਂ ਦੀਆਂ ਪ੍ਰਾਪਤੀਆਂ ਉੱਤੇ ਮਾਣ ਹੈ।

# ਆਕਲੈਂਡ 'ਚ 153 ਸਾਲ ਪੁਰਾਣਾ ਸਮੁੰਦਰੀ ਜਹਾਜ ਮਿਲਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਦੇ ਮੂਰੀਵਾਈ ਬੀਚ ਤੇ ਦੱਬੇ ਹੋਏ 153 ਸਾਲ ਪੁਰਾਣਾ ਸਮੁੰਦਰੀ ਜਹਾਜ ਮਿਲਿਆ ਹੈ ? ਇਸ ਬਾਰੇ ਜਾਣਕਾਰੀ ਦਿੰਦਿਆਂ ਕਲਾਸਿਕ ਯੈਚਟ ਚੈਰੀਟੇਬਲ ਟਰੱਸਟ ਨੇ ਦੱਸਿਆ ਕਿ ਇਹ ਬਹੁਤ ਹੀ ਵਧੀਆ ਹਾਲਤ ਵਿੱਚ ਸੀ ਅਤੇ ਇਸਨੂੰ ਮਿਊਜ਼ੀਅਮ ਵਿੱਚ ਰੱਖਿਆ ਜਾਵੇਗਾ ? ਇਸ ਵਿੱਚ 153 ਸਾਲ ਪੁਰਾਣੀਆਂ ਕਈ ਚੀਜ਼ਾਂ ਜਿੰਨਾਂ ਵਿੱਚ ਬੂਟ ਸ਼ਰਾਬ ਦੀ ਬੋਤਲ ਦੇ ਢੱਕਣ ਅਤੇ ਕੁਝ ਹੋਰ ਸਮਾਨ ਵੀ ਮਿਲਿਆ ਹੈ ? ਇਸ ਜਹਾਜ ਨੂੰ ਕੱਢਣ ਲਈ ਕਾਨੂੰਨੀ ਰੂਪ ਵਿੱਚ ਮਾਨਤਾ ਮਿਲਣ ਲਈ ਕਈ ਮਹੀਨੇ ਦਾ ਸਮਾਂ ਲੱਗਾ ਅਤੇ ਤਕਰੀਬਨ £1 ਮਿਲੀਅਨ ਦਾ ਖਰਚਾ ਇਸਨੂੰ ਸਮੁੰਦਰ ਵਿਚੋਂ ਕੱਢਣ ਤੇ ਆਇਆ ਹੈ ? ਇਹ ਖਰਚਾ ਨਿੱਜੀ ਸੰਸਥਾਂਵਾਂ ਵਲੋਂ ਮਿਲ ਕੇ ਕੀਤਾ ਗਿਆ ਹੈ ?

# ਆਕਲੈਂਡ ਬੀਚ ਤੇ ਮਰੀ ਹੋਈ ਡੌਲਫਿਨ ਮਿਲੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਇੱਕ ਛੋਟੀ ਡਾਲਫਿਨ ਆਕਲੈਂਡ ਬੀਚ 'ਤੇ ਮਿਲਿਆ ਹੈ। ਇਹ ਪੁਕੇਖੁਹੀ ਦੇ ਪੱਛਮ ਵਾਲੇ ਪਾਸੇ ਬੀਚ 'ਤੇ ਸੀ, ਲੋਕਾਂ ਨੇ ਡਿਪਾਰਟਮੇਂਟ ਆਫ ਕੰਜ਼ਰਵੇਸ਼ਨ (ਡੀ.ਓ.ਸੀ.) ਨੂੰ ਰਿਪੋਰਟ ਦਿੱਤੀ ਸੀ ਕਿ ਮਰੀ ਹੋਈ ਡਾਲਫਿਨ ਆਕਲੈਂਡ 'ਤੇ ਮਰੀ ਪਈ ਹੈ। ਜੋ ਕੁੱਝ ਸਮਾਂ ਪਹਿਲਾਂ ਹੀ ਮਰੀ ਜਾਪਦੀ ਸੀ।

ਸਮੁੰਦਰੀ ਜੀਵ ਮੈਨੇਜਰ ਇਆਨ ਐਂਗਸ ਨੇ ਕਿਹਾ ਕਿ ਡਾਲਫਿਨ ਦਾ ਮ੍ਰਿਤਕ ਸ਼ਰੀਰ Massey University ਭੇਜਿਆ ਜਾਵੇਗਾ ਅਤੇ ਇਸ ਦੀ ਮੌਤ ਦੇ ਕਾਰਨਾ ਦਾ ਪਤਾ ਲਗਾਇਆ ਜਾਵੇਗਾ। ਸਰੀਰ ਨੂੰ ਬੁਰੀ ਤਰ੍ਹਾਂ ਕੰਪੋਜ਼ ਕੀਤਾ ਗਿਆ ਸੀ ਅਤੇ ਕੁਝ ਸਮੇਂ ਲਈ ਉਥੇ ਮੌਜੂਦ ਹੋਣ ਦੀ ਜਾਪਦੀ ਸੀ ਹਾਲਾਂਕਿ ਇਹ ਸੰਭਾਵਨਾ ਦੀ ਸੰਭਾਵਨਾ ਨਹੀਂ ਹੈ ਕਿ ਇੱਕ necropsy ਮੌਤ ਦੇ ਕਾਰਨ ਨੂੰ ਨਿਰਧਾਰਤ ਕਰਨ ਦੇ ਯੋਗ ਹੋ ਜਾਵੇਗਾ, ਸਰੀਰ ਨੂੰ ਟੈਸਟ ਲਈ ਮਾਸਸੀ ਯੂਨੀਵਰਸਿਟੀ ਭੇਜਿਆ ਜਾਵੇਗਾ, 4®3 ਸਮੁੰਦਰੀ ਜੀਵ ਅਤੇ ਧਮਕੀ ਮੈਨੇਜਰ ਇਆਨ ਐਂਗਸ ਨੇ ਕਿਹਾ ਐਂਜਸ ਨੇ ਕਿਹਾ ਕਿ "ਇਹ ਇਕ ਦੁਖਦਾਈ ਡਾਲਫਿਨ ਦੀ ਮੌਤ ਹੋਣ ਦਾ ਦੁਖਦਾਈ ਗੱਲ ਹੈ।ਅਕਤੂਬਰ 'ਚ ਰਾਗਾਲਾਨ ਦੇ ਉੱਤਰ' ਤੇ ਅਕਾਊ ਦੇ ਨੇੜੇ ਇਕ ਗਰਭਵਤੀ ਡਾਲਫਿਨ ਦੀ ਲਾਸ਼ ਮਿਲੀ ਸੀ. ਟੈਸਟਾਂ ਵਿਚ ਇਹ ਇਸ ਗੱਲ ਦੀ ਪੁਸ਼ਟੀ ਹੋਈ ਸੀ ਕਿ ਜਨਮ ਦੇਣ ਸਮੇਂ ਕਿਸੇ ਕਾਰਨ ਕਰਕੇ ਉਸ ਦੀ ਮੌਤ ਹੋਈ ਸੀ। ਪੋਰਟ ਵਾਈਕੋਟੋ ਵਿਖੇ ਇਕ ਹੋਰ ਡੌਲਫਿਨ ਦੀ ਲਾਸ਼ ਮਿਲੀ, ਜੋ ਸ਼ਾਰਕ ਦਾ ਸ਼ਿਕਾਰ ਸੀ।

# 18 ਸਾਲ ਪੰਜਾਬੀ ਕੁੜੀ ਦੀ ਨਿਊਜੀਲੈਂਡ ਦੇ ਹਲਕਾ ਪਾਪਾਕੁਰਾ ਤੋਂ 'ਯੂਥ. ਐਮ.ਪੀ.' ਵੱਜੋਂ ਚੋਣ ਹੋਈ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਸਖਤ ਅਤੇ ਮਿਹਨਤ ਅਤੇ ਲਗਨ ਦਾ ਲੋਹਾ ਹੋਰ ਭਾਈਚਾਰਿਆਂ ਦੇ ਲੋਕ ਵੀ ਮੰਨਦੇ ਹਨ। ਨਿਊਜੀਲੈਂਡ 'ਚ 18 ਸਾਲਾ ਪੰਜਾਬੀ ਕੁੜੀ ਅਨਮੋਲਜੀਤ ਕੌਰ ਘੁੰਮਣ ਦੀ ਹਲਕਾ ਪਾਪਾਕੁਰਾ ਤੋਂ 'ਯੂਥ. ਐਮ.ਪੀ.' ਵੱਜੋਂ ਚੋਣ ਹੋਈ ਹੈ। ਪਾਪਾਕੁਰਾ ਹਲਕੇ ਤੋਂ ਸੰਸਦ ਮੈਂਬਰ ਮੈਡਮ ਜੂਠਿਤ ਕੌਲਿਨ ਵੱਲੋਂ ਇਹ ਚੋਣ ਕੀਤੀ ਗਈ ਹੈ। ਅਨਮੋਲਜੀਤ ਕੌਰ ਮੌਜੂਦਾ ਸੰਸਦ ਮੈਂਬਰ ਦੀ ਪ੍ਰਤੀਨਿਧੀ ਬਣ ਕੇ ਪਾਰਲੀਮੈਂਟ ਦੇ ਵਿਚ ਜੁਲਾਈ ਮਹੀਨੇ ਹੋਣ ਵਾਲੇ 'ਯੂਥ ਸ਼ੈਸ਼ਨ' ਦੇ ਵਿਚ ਜਾਵੇਗੀ। ਪੰਜਾਬ ਦੇ ਮੋਗਾ ਨਾਲ ਸਬੰਧਤ ਇਹ ਕੁੜੀ ਇੱਕ-ਡੇਢ ਸਾਲ ਪਹਿਲਾਂ ਹੀ ਨਿਊਜੀਲੈਂਡ ਆਈ ਸੀ। ਅਨਮੋਲਜੀਤ ਦੇ ਪਿਤਾ ਸ. ਗੁਰਜਿੰਦਰ ਸਿੰਘ ਘੁੰਮਣ ਇਮੀਗ੍ਰੇਸ਼ਨ ਸਲਾਹਕਾਰ ਹਨ ਅਤੇ ਮਾਤਾ ਕੁਲਜੀਤ ਕੌਰ ਅਧਿਆਪਕਾ ਹੈ। ਅਨਮੋਲਜੀਤ ਦੀ ਇਸ ਮਾਣ-ਮੱਤੀ ਪ੍ਰਾਪਤ 'ਤੇ ਪੂਰਾ ਭਾਰਤੀ ਭਾਈਚਾਰਾ ਮਾਣ-ਮਹਿਸੂਸ ਕਰ ਰਿਹਾ ਹੈ।

# ਨਿਊਜੀਲੈਂਡ ਲਈ ਚੱਲਿਆ ਸੀ ਘਰੋਂ ਸਾਲ ਤੋਂ ਨਹੀਂ ਲੱਗਿਆ ਕੁੱਝ ਪਤਾ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸੌਰਵ ਸ਼ਰਮਾ ਜੋ ਕਿ ਹੁਸ਼ਿਆਰਪੁਰ ਦੇ ਪਿੰਡ ਬੀਰਮਪੁਰ ਦਾ ਰਹਿਣ ਵਾਲਾ ਹੈ ਅਤੇ ਨਿਊਜ਼ੀਲੈਂਡ ਪੜ੍ਹਾਈ ਕਰਦਾ ਸੀ। ਪਰ ਜਦ ਨਿਊਜ਼ੀਲੈਂਡ ਵਾਪਸ ਆਉਣ ਲਈ 7 ਜੁਲਾਈ 2017 ਨੂੰ ਉਹ ਦਿੱਲੀ ਇੰਟਰਨੈਸ਼ਨਲ ਏਅਰਪੋਰਟ ਲਈ ਨਿਕਲਿਆ ਤਾਂ ਉਸ ਤੋਂ ਬਾਅਦ ਉਸ ਦਾ ਅੱਜ ਤੱਕ ਪਤਾ ਨਹੀਂ ਲੱਗ ਸਕਿਆ ਹੈ । ਜੇਕਰ ਕਿਸੇ ਨੂੰ ਵੀ ਸੌਰਵ ਸੰਬੰਧਿਤ ਜਾਣਕਾਰੀ ਹੋਵੇ ਤਾਂ ਉਹ ਉਸ ਦੇ ਇੰਡੀਆ ਰਹਿੰਦੇ ਭਰਾ ਗੌਰਵ ਸ਼ਰਮਾ ਨੂੰ 91 98143 58361, 91 81469 63579 ਇਨ੍ਹਾਂ ਨੰਬਰਾਂ ਤੇ ਸੰਪਰਕ ਕਰ ਸਕਦਾ ਹੈ ?

# ਬਰਗਾੜੀ ਮੋਰਚਾ ਨੂੰ ਲੈ ਕੇ ਪੰਥਕ ਲੀਡਰ ਦੋਫਾੜ



ਬਰਗਾੜੀ ਇਨਸਾਫ ਮੋਰਚਾ ਨੂੰ ਲੈ ਕੇ ਪੰਥਕ ਲੀਡਰਾਂ ਵਿੱਚ ਦੂਰੀਆਂ ਵਧਦੀਆਂ ਜਾ ਰਹੀਆਂ ਹਨ। ਬਰਗਾੜੀ ਮੋਰਚਾ ਦੇ ਲੀਡਰ ਬਲਜੀਤ ਸਿੰਘ ਦਾਦੂਵਾਲ ਮਗਰੋਂ ਹੁਣ ਭਾਈ ਅਮਰੀਕ ਸਿੰਘ ਅਜਨਾਲਾ ਨੇ ਵੀ ਬਰਗਾੜੀ ਮੋਰਚੇ ਦੀ ਅਸਫ਼ਲਤਾ ਲਈ ਜਥੇਦਾਰ ਧਿਆਨ ਸਿੰਘ ਮੰਡ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਬਿਆਨਬਾਜ਼ੀ ਤੋਂ ਸਪਸ਼ਟ ਹੋ ਗਿਆ ਹੈ ਕਿ ਪੰਥਕ ਏਕੇ ਦੀ ਕੋਸ਼ਿਸ਼ ਨਾਕਾਮ ਹੋ ਗਈ ਹੈ। ਯਾਦ ਰਹੇ ਬਰਗਾੜੀ ਇਨਸਾਫ ਮੋਰਚਾ ਵਿੱਚ ਸਮੂਹ ਪੰਥਕ ਧਿਰਾਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਸੀ। ਇਸ ਨੂੰ ਕਈ ਜਥੇਬੰਦੀਆਂ ਨੇ ਚੰਗਾ ਹੁੰਗਾਰਾ ਵੀ ਦਿੱਤਾ ਸੀ ਪਰ ਹੁਣ ਮੋਰਚਾ ਦੀ ਅਗਵਾਈ ਕਰ ਰਹੇ ਲੀਡਰ ਤੇ ਮੁਤਵਾਜ਼ੀ ਜਥੇਦਾਰ ਵੀ ਫੁੱਟ ਦਾ ਸ਼ਿਕਾਰ ਹੋ ਗਏ ਹਨ। ਇਸ ਬਾਰੇ ਭਾਈ ਅਜਨਾਲਾ ਦਾ ਕਹਿਣਾ ਹੈ ਕਿ ਬਰਗਾੜੀ ਮੋਰਚੇ ਦੇ ਸ਼ੁਰੂ ਹੋਣ ਤੋਂ ਤੀਜੇ ਦਿਨ ਹੀ ਪੰਜਾਬ ਸਰਕਾਰ ਨੇ ਮੋਰਚੇ ਦੀਆਂ ਮੁੱਖ ਤਿੰਨ ਮੰਗਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ, ਬਹਿਬਲ ਕਲਾਂ ਕਾਂਡ ਦੌਰਾਨ ਸ਼ਹੀਦ ਹੋਏ ਸਿੱਖਾਂ ਦੇ ਪਰਿਵਾਰਾਂ ਨੂੰ ਆਰਥਿਕ ਮਦਦ ਤੇ ਨੌਕਰੀ ਤੇ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਸਬੰਧੀ ਚਾਰਾਜੋਈ ਲਈ ਸਹਿਮਤੀ ਪ੍ਰਗਟਾ ਦਿੱਤੀ ਸੀ, ਪਰ ਪਤਾ ਨਹੀਂ ਕਿਹੜੇ ਕਾਰਨਾਂ ਕਰਕੇ ਧਿਆਨ ਸਿੰਘ ਮੰਡ ਨੇ ਸਰਕਾਰ ਵੱਲੋਂ ਦਿੱਤੇ ਭਰੋਸੇ ਨੂੰ ਠੁਕਰਾ ਦਿੱਤਾ।ਉਨ੍ਹਾਂ ਕਿਹਾ ਕਿ ਬਰਗਾੜੀ ਮੋਰਚੇ ਦੇ ਆਗੂਆਂ ਦੀ 17 ਅਗਸਤ ਨੂੰ ਮੁੜ ਹੋਈ ਮੀਟਿੰਗ 'ਚ ਫ਼ੈਸਲਾ ਕੀਤਾ ਗਿਆ ਸੀ ਕਿ 18 ਅਗਸਤ ਨੂੰ ਇਨ੍ਹਾਂ ਮੰਗਾਂ ਪ੍ਰਤੀ ਸਰਕਾਰ ਨਾਲ ਗੱਲਬਾਤ ਹੋਵੇਗੀ ਤੇ 19 ਅਗਸਤ ਨੂੰ ਸਰਕਾਰ ਬਰਗਾੜੀ ਮੋਰਚੇ ਦੀਆਂ ਮੰਗਾਂ ਮੰਨਣ ਸਬੰਧੀ ਐਲਾਨ ਕਰੇਗੀ।

# ਹੁਣ ਕੋਲਿਆਂਵਾਲੀ ਨੂੰ ਰਿੜਕੇਗੀ ਬਠਿੰਡਾ ਵਿਜੀਲੈਂਸ

ਚੰਡੀਗੜ੍ਹ: ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਖਾਸ-ਮ-ਖਾਸ ਦਿਆਲ ਸਿੰਘ ਕੋਲਿਆਂਵਾਲੀ ਵੱਲੋਂ ਮੁਹਾਲੀ ਦੀ ਅਦਾਲਤ ਵਿੱਚ ਸਰੰਡਰ ਕਰਨ ਮਗਰੋਂ ਬਠਿੰਡਾ ਵਿਜੀਲੈਂਸ ਦੀ ਟੀਮ ਰਿਮਾਂਡ ਲੈਣ ਪਹੁੰਚੀ ਹੈ। ਇਸ ਮਗਰੋਂ ਬਠਿੰਡਾ ਵਿਜੀਲੈਂਸ ਕੋਲਿਆਂਵਾਲੀ ਤੋਂ ਪੁੱਛਗਿੱਛ ਕਰੇਗੀ। ਬੀਤੇ ਦਿਨੀਂ ਸ਼ਾਮ ਕੋਲਿਆਂਵਾਲੀ ਨੇ ਮੁਹਾਲੀ ਦੀ ਅਦਾਲਤ ਵਿੱਚ ਸਰੰਡਰ ਕੀਤਾ ਸੀ।

ਕੋਲਿਆਂਵਾਲੀ ਖ਼ਿਲਾਫ਼ ਬਠਿੰਡਾ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕੀਤਾ ਗਿਆ ਸੀ। ਬੀਤੇ ਦਿਨ ਅਦਾਲਤ ਵਿੱਚ ਪੇਸ਼ ਹੋਣ ਮਗਰੋਂ ਬਠਿੰਡਾ ਵਿਜੀਲੈਂਸ ਟੀਮ ਰਿਮਾਂਡ ਲੈਣ ਨਹੀਂ ਸਮੇਂ ਸਿਰ ਨਹੀਂ ਪਹੁੰਚ ਸਕੀ ਸੀ। ਇਸ ਕਰਕੇ ਅਦਾਲਤ ਵੱਲੋਂ ਕੋਲਿਆਂਵਾਲੀ ਨੂੰ ਪਟਿਆਲਾ ਜੇਲ੍ਹ ਵਿੱਚ ਭੇਜਿਆ ਗਿਆ ਸੀ। 30 ਜੂਨ ਨੂੰ ਵਿਜੀਲੈਂਸ ਨੇ ਕੋਲਿਆਂਵਾਲੀ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕੀਤਾ ਸੀ। ਕੋਲਿਆਂਵਾਲੀ ਉੱਪਰ ਇਲਜ਼ਾਮ ਹਨ ਕਿ ਉਸ ਨੇ ਆਪਣੀ ਕਮਾਈ ਤੋਂ 1.71 ਕਰੋੜ ਵੱਧ ਦੀ ਜਾਇਦਾਦ ਬਣਾਈ ਹੈ।



# ਕਰਤਾਰਪੁਰ ਲਾਂਘੇ 'ਤੇ ਕੈਪਟਨ ਦੀ ਸੁਰ ਨਰਮ, ਇਮਰਾਨ ਖ਼ਾਨ ਤੇ ਮੋਦੀ ਲਈ ਸ਼ਲਾਘਾ

ਚੰਡੀਗੜ੍ਹ: ਪੰਜਾਬ ਵਿਧਾਨ ਸਭਾ ਦਾ ਸਰਦ ਰੁੱਤ ਇਜਲਾਸ ਇੱਕ ਦਿਨ ਪਹਿਲਾਂ ਹੀ ਸਮਾਪਤ ਕਰ ਦਿੱਤਾ ਗਿਆ। ਇਜਲਾਸ ਵਿੱਚ ਸਰਕਾਰ ਨੇ ਜਿੱਥੇ ਚਾਰ ਬਿੱਲ ਪਾਸ ਕੀਤੇ, ਉੱਥੇ ਹੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਭਾਰਤ ਤੇ ਪਾਕਿਸਤਾਨ ਸਰਕਾਰ ਲਈ ਸ਼ਲਾਘਾ ਮਤਾ ਵੀ ਲਿਆਂਦਾ, ਪਰ ਨਵਜੋਤ ਸਿੱਧੂ ਨੂੰ ਨੁੱਕਰੇ ਲਾਈ ਰੱਖਿਆ। ਸਦਨ ਵਿੱਚ ਵਿਰੋਧੀ ਧਿਰਾਂ ਨੇ ਮੁੱਖ ਮੰਤਰੀ ਨੂੰ ਲਾਂਘਾ ਦਹਿਸ਼ਤਗਰਦੀ ਨਾਲ ਜੋੜਨ ਵਾਲੇ ਬਿਆਨ ਨਾ ਦੇਣ ਦੀ ਵੀ ਅਪੀਲ ਕੀਤੀ।

ਪਾਕਿਸਤਾਨ ਦੀ ਆਲੋਚਨਾ ਕਰਦੇ ਰਹਿਣ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਵਿਧਾਨ ਸਭਾ ਇਜਲਾਸ ਦੌਰਾਨ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਪਹਿਲਕਦਮੀ ਕਰਨ ਲਈ ਇਮਰਾਨ ਖ਼ਾਨ ਸਰਕਾਰ ਦਾ ਧੰਨਵਾਦ ਕੀਤਾ ਤੇ ਨਾਲ ਹੀ ਕੇਂਦਰ ਦੀ ਨਰੇਂਦਰ ਮੋਦੀ ਸਰਕਾਰ ਲਈ ਵੀ ਸ਼ਲਾਘਾ ਮਤਾ ਲਿਆਂਦਾ। ਇਸ ਮੌਕੇ ਉਨ੍ਹਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਆਪਣੀ ਫ਼ੌਜ ਦੀ ਲਗਾਮ ਖਿੱਚਣ ਦੀ ਅਪੀਲ ਵੀ ਕੀਤੀ ਤਾਂ ਜੋ ਉਹ ਭਾਰਤ ਤੇ ਪੰਜਾਬ ਦਾ ਨੁਕਸਾਨ ਨਾ ਕਰੇ।

ਕੈਪਟਨ ਦੇ ਸੰਬੋਧਨ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਕਈ ਵਿਰੋਧੀ ਵਿਧਾਇਕਾਂ ਨੇ ਉਨ੍ਹਾਂ ਨੂੰ ਕਰਤਾਰਪੁਰ ਲਾਂਘੇ ਪ੍ਰਤੀ ਸਕਾਰਾਤਮਕ ਸੋਚ ਰੱਖਣ ਦੀ ਅਪੀਲ ਕੀਤੀ। ਸੁਖਬੀਰ ਬਾਦਲ ਨੇ ਹੀ ਸਦਨ ਵਿੱਚ ਪਾਕਿਸਤਾਨ ਨਾਲ ਕਰਤਾਰਪੁਰ ਸਾਹਿਬ ਤਕ ਦੀ ਜ਼ਮੀਨ ਨੂੰ ਆਪਣੇ ਹਿੱਸੇ ਦੇ ਖੇਤਰ ਨਾਲ ਵਟਾਉਣ ਦਾ ਮੁੱਦਾ ਚੁੱਕਿਆ। ਇਸ ਦੀ ਸ਼ਲਾਘਾ ਬਾਦਲਾਂ ਦੇ ਕੱਟੜ ਸਿਆਸੀ ਵਿਰੋਧੀ ਤੇ ਕੈਬਨਿਟ ਮੰਤਰੀ ਸੁਖਜਿੰਦਰ ਰੰਧਾਵਾ ਨੇ ਵੀ ਕੀਤੀ।

ਇਸ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਉਹ ਇਸ ਮਸਲੇ ਨੂੰ ਕੇਂਦਰ ਕੋਲ ਵੀ ਚੁੱਕਣਗੇ। ਇਸ ਸਾਰੀ ਕਾਰਵਾਈ ਵਿੱਚ ਕੈਪਟਨ ਨੇ ਇੱਕ ਵਾਰ ਵੀ ਕਰਤਾਰਪੁਰ ਸਾਹਿਬ ਗਲਿਆਰੇ ਦਾ ਮਸਲੇ ਨੂੰ ਉਚਾਈ 'ਤੇ ਪਹੁੰਚਾਉਣ ਵਾਲੇ ਮੰਤਰੀ ਨਵਜੋਤ ਸਿੱਧੂ ਦਾ ਨਾਂਅ ਵੀ ਨਹੀਂ ਲਿਆ ਪਰ ਅਕਾਲੀ ਵਿਧਾਇਕ ਗੁਰਪਰਤਾਪ ਸਿੰਘ ਵਡਾਲਾ ਨੇ ਸਿੱਧੂ ਦੀ ਤਾਰੀਫ਼ ਕੀਤੀ ਤੇ ਮੁੱਖ ਮੰਤਰੀ ਨੂੰ ਲਾਂਘੇ ਪ੍ਰਤੀ ਸਕਾਰਾਤਮਕ ਸੋਚ ਰੱਖਣ ਦੀ ਅਪੀਲ ਕੀਤੀ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਵੀ ਉੱਤਰ ਦਿੱਤਾ ਕਿ ਕਰਤਾਰਪੁਰ ਲਾਂਘੇ ਦੇ ਖੁੱਲ੍ਹਣ 'ਤੇ ਜਿੱਥੇ ਹਰ ਸਿੱਖ ਖ਼ੁਸ਼ ਹੈ ਉੱਥੇ ਹੀ ਪਾਕਿਸਤਾਨੀ ਫ਼ੌਜ ਦੀਆਂ ਕਾਇਰਾਨਾ ਕਾਰਵਾਈਆਂ ਨੂੰ ਵੀ ਧਿਆਨ ਵਿੱਚ ਰੱਖਣਾ ਲਾਜ਼ਮੀ ਹੈ।